## ਪੰਜਾਬ ਸਰਕਾਰ
## ਮੁੱਖ ਮੰਤਰੀ ਦਫ਼ਤਰ

ਸ੍ਰੀ ਲਖਵੀਰ ਸਿੰਘ ਲੱਖਾ,ਐਮ.ਐਲ.ਏ., ਹਲਕਾ ਪਾਇਲ ਵਲੋ ਮਾਨਯੋਗ ਮੁੱਖ ਮੰਤਰੀ ਜੀ ਨੂੰ ਉਨ੍ਹਾਂ ਦੇ ਨਾਲ ਨੱਥੀ ਪੱਤਰ ਰਾਹੀ ਇਹ ਬੇਨਤੀ ਕੀਤੀ ਗਈ ਹੈ ਕਿ ਦੋਰਾਹਾ ਸ਼ਹਿਰ, ਜੋ ਕਿ ਉਨ੍ਹਾਂ ਦੇ ਹਲਕੇ ਵਿੱਚ ਪੈਂਦਾ ਹੈ,ਵਿਖੇ ਸੀਵਰੇਜ ਦੀ ਬਹੁਤ ਗੰਭੀਰ ਸਮੱਸਿਆ ਹੈ। ਮੁੱਖ ਮੰਤਰੀ ਜੀ ਨੇ ਚਾਹਿਆ ਹੈ ਕਿ ਇਸ ਬਾਰੇ ਪੰਜਾਬ ਵਾਟਰ ਸਪਾਲਾਈ ਤੇ ਸੀਵਰੇਜ ਬੋਰਡ ਵਲੋ ਰਿਪੋਰਟ ਬਣਾਈ ਜਾਵੇ ਜਿਸ ਵਿੱਚ ਮੋਜੂਦਾ ਸਥਿਤੀ, ਹੋਣ ਵਾਲੇ ਕੰਮ ਦਾ ਵੇਰਵਾ ਤੇ ਇਸ ਉੱਤੇ ਆਉਣ ਵਾਲੇ ਖਰਚੇ ਦੇ ਵੇਰਵੇ ਵੀ ਸ਼ਾਮਲ ਕੀਤੇ ਜਾਣ। ਵਿਭਾਗ ਵਲੋ ਮੁੱਖ ਮੰਤਰੀ ਜੀ ਨੂੰ ਇਸ ਸਬੰਧੀ 15 ਦਿਨਾਂ ਦੇ ਅੰਦਰ ਅੰਦਰ ਮਿਸਲ ਤੇ ਜਾਣੂ ਕਰਵਾਉਣ ਦੀ ਕਿਰਪਾਲਤਾ ਕੀਤੀ ਜਾਵੇ।

ਪ੍ਰਮੁੱਖ ਸਕੱਤਰ ਮੁੱਖ ਮੰਤਰੀ
28.7.2018

1. ਪ੍ਰਮੁੱਖ ਸਕੱਤਰ ਸਥਾਨਕ ਸਰਕਾਰ
2. ਮੈਨੇਜਿੰਗ ਡਾਇਰੈਕਟਰ,
   ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।**

ਪਿੱਠ ਅੰਕਣ ਨੰ: ਪਵਸਸਬ-2018/ਵ-3/ 14135 ਮਿਤੀ: 02/08/2018

ਉਪਰੋਕਤ ਦੀ ਨਕਲ ਸਮੇਤ ਸਹਿਲਗ, ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸਬੰਧੀ ਵਿਸਥਾਰ ਪੂਰਵਕ ਰਿਪੋਰਟ 7 ਦਿਨਾਂ ਦੇ ਅੰਦਰ -2 ਸਬੰਧਤ ਨੂੰ ਭੇਜਦੇ ਹੋਏ ਇਸ ਦਫਤਰ ਨੂੰ ਵੀ ਭੇਜੀ ਜਾਵੇ ਤਾਂ ਇਸ ਦਾ ਜਵਾਬ ਸਰਕਾਰ ਨੂੰ ਭੇਜਿਆ ਜਾ ਸਕੇ।

ਨੱਥੀ/ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਵ)